This question paper contains 2 printed pages]

Roll No. | | | | | | | | | | | |

S. No. of Question Paper : **1911**

Unique Paper Code : **212471** **D**

Name of the Paper : **Punjabi Literature**

Name of the Course : **Punjabi : Discipline Centred Course for B.A. (Hons.)**

Semester : **IV**

Duration : **3 Hours** Maximum Marks : **75**

*(Write your Roll No. on the top immediately on receipt of this question paper.)*

**ਨੋਟ** : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਹੇਠ ਲਿਖੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: 15

   i) "ਏਦਾਂ ਮਜ਼ਦੂਰਾਂ ਦੀ ਝਾਕੀ
   ਜਦ ਮੈਨੂੰ ਦਿਸ ਆਈ,
   ਨਾਲ ਪੀੜ ਦੇ ਕਲਵਲ ਹੋ ਕੇ
   ਰੂਹ ਮੇਰੀ ਕੁਰਲਾਈ -
   ਕੀ ਉਹ ਹੁਸਨ ਹੁਸਨ ਹੈ ਸਚਮੁਚ
   ਯਾ ਉਂਜੇ ਹੀ ਛਲਦਾ,
   ਲੱਖ ਗ਼ਰੀਬਾਂ ਮਜ਼ਦੂਰਾਂ ਦੇ
   ਹੰਝੂਆਂ ਤੇ ਜੋ ਪਲਦਾ?"

P.T.O.

ii) "ਮਾਏ ਨੀ ਮਾਏ,
ਮੇਰੇ ਗੀਤਾਂ ਦੇ ਨੈਣਾਂ ਵਿਚ
ਬਿਰਹੋਂ ਦੀ ਰੜਕ ਪਵੇ!
ਅੱਧੀ ਅੱਧੀ ਰਾਤੀਂ-
ਉੱਠ ਰੋਣ ਮੋਏ ਮਿੱਤਰਾਂ ਨੂੰ
ਮਾਏ ਸਾਨੂੰ ਨੀਂਦ ਨਾ ਪਵੇ!"

**ਜਾਂ**

ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ **ਇਕ** ਦਾ ਵਿਸ਼ੈਗਤ ਅਧਿਐਨ ਕਰੋ:

ਅੱਜ ਆਖਾਂ ਵਾਰਸ ਸ਼ਾਹ ਨੂੰ, ਸੁਨੇਹੜੇ, ਕੰਬਦੀ ਕਲਾਈ।

2. ਪਾਠ-ਪੁਸਤਕ 'ਚੋਣਵੇਂ ਪੰਜਾਬੀ ਇਕਾਂਗੀ' ਵਿਚੋਂ ਆਪਣੇ ਮਨਪਸੰਦ ਕਿਸੇ **ਇਕ** ਇਕਾਂਗੀ ਦਾ ਸਾਰ ਲਿਖੋ। 15

**ਜਾਂ**

ਇਕਾਂਗੀ 'ਭਾਵੀ' ਦੇ **ਦੋ** ਮੁਖ ਪਾਤਰਾਂ ਦੇ ਚਰਿੱਤਰ-ਚਿੱਤਰਣ ਬਾਰੇ ਚਰਚਾ ਕਰੋ।

3. 'ਪਿੰਜਰ' ਨਾਵਲ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। 15

**ਜਾਂ**

ਅੰਮ੍ਰਿਤਾ ਪ੍ਰੀਤਮ ਦੇ ਨਾਵਲ 'ਪਿੰਜਰ' ਦੀ ਨਾਇਕਾ ਬਾਰੇ ਚਰਚਾ ਕਰੋ।

4. 'ਪਤਾਲ ਦੀ ਧਰਤੀ' ਪੁਸਤਕ ਦੇ ਆਧਾਰ 'ਤੇ ਬਲਵੰਤ ਗਾਰਗੀ ਦੀ ਵਾਰਤਕ-ਕਲਾ ਉੱਤੇ ਇਕ ਨੋਟ ਲਿਖੋ। 15

**ਜਾਂ**

ਸਫ਼ਰਨਾਮਾ 'ਪਤਾਲ ਦੀ ਧਰਤੀ' ਵਿਚੋਂ ਆਪਣੇ ਮਨਪਸੰਦ ਕਿਸੇ **ਇਕ** ਕਾਂਡ ਦਾ ਸਾਰ ਲਿਖੋ।

5. ਪੰਜਾਬੀ ਕਿੱਸਾ-ਕਾਵਿ ਦੇ ਵਿਕਾਸ ਬਾਰੇ ਜਾਣਕਾਰੀ ਦਿਓ। 15

**ਜਾਂ**

ਆਧੁਨਿਕ ਪੰਜਾਬੀ ਸਾਹਿਤ ਦੇ ਕਿਸੇ **ਇਕ** ਰੂਪ ਦੇ ਵਿਕਾਸ ਬਾਰੇ ਚਰਚਾ ਕਰੋ।